<u>ਨਿਯਮ ਅਤੇ ਸ਼ਰਤਾਂ (Term and Conditions)</u>

1) ਸਾਰੀਆਂ ਜਾਇਦਾਦਾਂ ਈ—ਨਿਲਾਮੀ ਰਾਹੀਂ ਵੇਚੀਆਂ ਜਾ ਰਹੀਆਂ ਹਨ। ਹਰੇਕ ਬੋਲੀਕਾਰ ਬੋਲੀ ਦੇਣ ਤੋਂ ਪਹਿਲਾਂ ਆਪਣੀ ਰਜਿਸਟਰੇਸ਼ਨ/ ਲਾਗਿਨ ਆਈ.ਡੀ. www.tenderwizard.com/DLGP ਪੋਰਟਲ ਤੇ ਬਣਾਏਗਾ। ਲਾਗਿਨ ਆਈ.ਡੀ.ਬਣਾਉਣ ਲਈ Digital Signature (DSC) ਹੋਣਾ ਜਰੂਰੀ ਹੈ ਅਤੇ ਇਸ ਪੋਰਟਲ ਰਾਹੀਂ ਨਿਸ਼ਚਿਤ ਬਿਆਨਾ ਰਕਮ ਜਮ੍ਹਾਂ ਕਰਵਾਏਗਾ। ਬਿਨਾਂ ਰਜਿਸਟਰੇਸ਼ਨ/ ਲਾਗਿਨ ਆਈ.ਡੀ. ਬੋਲੀਕਾਰ ਬੋਲੀ ਵਿਚ ਹਿੱਸਾ ਨਹੀਂ ਲੈ ਸਕਦਾ ਹੈ।

2) ਰਜਿਸਟਰੇਸ਼ਨ ਕਰਵਾਉਣ ਉਪਰੰਤ ਬੋਲੀਕਾਰ ਨਿਸ਼ਚਿਤ ਬਿਆਨਾ ਰਕਮ ਜਮ੍ਹਾਂ ਕਰਵਾਏਗਾ ਅਤੇ ਬਿਆਨਾ ਰਕਮ ਦੀ Acknowledgement https:/www.tenderwizard.com/DLGP ਪੋਰਟਲ ਤੇ ਅਪਲੋਡ ਕਰੇਗਾ ਅਤੇ Acknowledgement ਉਕਤ ਪੋਰਟਲ ਤੇ ਅਪਲੋਡ ਕਰਨ ਉਪਰੰਤ ਹੀ ਈ—ਆਕਸ਼ਨ ਲਈ ਯੋਗ ਪਾਤਰ ਮੰਨਿਆ ਜਾਵੇਗਾ।

3) ਅਸਫਲ ਬੋਲੀਕਾਰਾਂ ਵਲੋਂ ਜਮ੍ਹਾਂ ਕਰਵਾਈ ਬਿਆਨਾ ਰਕਮ ਅਸਫਲ ਬੋਲੀਕਾਰਾਂ ਵਲੋਂ ਦਿੱਤੇ ਗਏ ਬੈਂਕ ਖਾਤਿਆਂ ਵਿੱਚ (Automatically) ਰਿਫੰਡ ਹੋ ਜਾਵੇਗੀ।

4) ਈ—ਆਕਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਆਪ ਫੋਨ ਨੰ: 0164-3558725 ਤੇ ਪੁਛਗਿਛ ਕਰ ਸਕਦੇ ਹੋ।

5) ਸਰਕਾਰ ਦੇ ਪੱਤਰ ਨੰ:ਪੀ.ਏ./ਡ.ਸ.ਸ./2021/141 ਮਿਤੀ 13.11.2021 ਰਾਹੀਂ ਈ—ਆਕਸ਼ਨ ਦੀ ਪ੍ਰੀਕ੍ਰਿਆ ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ, ਜਿਸ ਅਨੁਸਾਰ ਰਜਿਸਟਰੇਸ਼ਨ ਕਰਨ/ ਲਾਗਿਨ ਆਈ.ਡੀ. ਬਣਾਉਣ ਦੀ ਮਿਤੀ 12-11-2026 ਤੋਂ 07-12-2026 ਸ਼ਾਮ 5:00 ਵਜੇ ਤੱਕ ਹੈ ਅਤੇ ਬੋਲੀ ਦੇਣ ਦੀ ਮਿਤੀ 09-12-2026 ਨੂੰ ਸਵੇਰੇ 11.00 ਵਜੇ ਤੋਂ ਮਿਤੀ 11-12-2026 ਸ਼ਾਮ 5.00 ਵਜੇ ਤੱਕ ਹੈ। ਜੇਕਰ ਕੋਈ ਵੀ ਬੋਲੀਕਾਰ ਮਿਤੀ 11-12-2026 ਨੂੰ ਸ਼ਾਮ 5.00 ਵਜੇ ਤੇ ਵੀ ਵਧੀ ਹੋਈ ਬੋਲੀ ਦਿੰਦਾ ਹੈ ਤਾਂ ਬੋਲੀ ਦੀ ਮਿਆਦ 10 ਮਿੰਟਾਂ ਲਈ ਆਪਣੇ ਆਪ ਵੱਧ ਜਾਵੇਗੀ। 10 ਮਿੰਟ ਬੋਲੀ ਦਾ ਸਮਾਂ ਵੱਧਣ ਦੀ ਪ੍ਰੀਕ੍ਰਿਆ ਉਦੋਂ ਤੱਕ ਚੱਲਦੀ ਰਹੇਗੀ ਜਦੋਂ ਤੱਕ ਵੱਧੇ ਹੋਏ 10 ਮਿੰਟ ਵਿੱਚ ਕਿਸੇ ਹੋਰ ਬੋਲੀਕਾਰ ਵਲੋਂ ਵੱਧੀ ਬੋਲੀ ਨਾ ਆਵੇ।

6) ਹਰੇਕ ਬੋਲੀਕਾਰ ਹਰੇਕ ਜਾਇਦਾਦ ਲਈ ਬਣਦੀ ਬਿਆਨਾ ਰਕਮ ਬੋਲੀ ਸ਼ੁਰੂ ਹੋਣ ਦੀ ਮਿਤੀ ਤੋਂ ਪਹਿਲਾਂ ਈ—ਆਕਸ਼ਨ ਪੋਰਟਲ ਰਾਹੀਂ ਜਮ੍ਹਾਂ ਕਰਵਾਏਗਾ। ਜਿਹੜੀ ਕਿ ਬੋਲੀ ਤੋਂ ਬਾਅਦ ਅਡਜਸਟ ਕਰ ਲਈ ਜਾਵੇਗੀ। ਅਸਫਲ ਹੋਣ ਤੇ ਇਹ ਰਕਮ ਆਨਲਾਈਨ ਰਿਫੰਡ ਹੋਣ ਯੋਗ ਹੋਵੇਗੀ।

7) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਫਲ ਬੋਲੀਕਾਰ ਨੂੰ ਦਿੱਤੀ ਗਈ ਬੋਲੀ ਦੀ ਕੀਮਤ ਦੀ 25% ਰਕਮ ਅਤੇ ਕੁੱਲ ਕੀਮਤ ਤੇ ਬਣਦਾ 6 ਪ੍ਰਤੀਸ਼ਤ ਸੈਸ (4 ਪ੍ਰਤੀਸ਼ਤ ਜਨਰਲ ਸੈਸ+2 ਪ੍ਰਤੀਸ਼ਤ ਕੈਂਸਰ ਸੈਸ) (ਬਿਆਨਾ ਰਕਮ ਅਡਜਸਟ ਕਰਦੇ ਹੋਏ) ਅਲਾਟਮੈਂਟ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਬੋਲੀਕਾਰ ਵਲੋਂ ਉਕਤ ਸਮੇਂ ਦੌਰਾਨ ਬਣਦੀ ਰਕਮ ਜਮ੍ਹਾਂ ਨਹੀ ਕਰਵਾਈ ਜਾਂਦੀ ਤਾਂ ਅਲਾਟਮੈਂਟ ਕੈਂਸਲ ਸਮਝੀ ਜਾਵੇਗੀ ਅਤੇ ਪਹਿਲਾਂ ਤੋਂ ਜਮ੍ਹਾਂ ਹੋਈ ਰਕਮ ਜ਼ਬਤ ਕਰ ਲਈ ਜਾਵੇਗੀ।

8) ਬਕਾਇਆ 75 ਪ੍ਰਤੀਸ਼ਤ ਰਕਮ ਦਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ 9.5 ਪ੍ਰਤੀਸ਼ਤ ਵਿਆਜ ਸਹਿਤ 3 ਕਿਸ਼ਤਾਂ ਜੋ ਕਿ 45 ਦਿਨਾਂ ਦੇ ਵਕਫੇ ਨਾਲ ਵਸੂਲਣ ਯੋਗ ਹੋਣਗੀਆਂ, ਦੇ ਮੁਤਾਬਿਕ ਭੁਗਤਾਨ ਕਰਨਾ ਪਵੇਗਾ। ਜੇਕਰ ਅਲਾਟੀ ਵਲੋਂ ਇਹ ਰਕਮ ਜਮ੍ਹਾਂ ਕਰਵਾਉਣ ਵਿੱਚ ਦੇਰੀ ਹੁੰਦੀ ਹੈ ਤਾਂ ਸਰਕਾਰ ਦੀਆਂ ਹਦਾਇਤਾਂ/ ਨਿਯਮਾਂ ਅਨੁਸਾਰ ਪੀਨਲ ਵਿਆਜ ਵੀ ਵਸੂਲ ਕੀਤਾ ਜਾਵੇਗਾ।

9) ਜੇਕਰ ਸਫਲ ਬੋਲੀਕਾਰ ਵਲੋਂ ਜਾਇਦਾਦ ਦੀ ਬਕਾਇਆ ਰਹਿੰਦੀ ਰਕਮ ਯਕਮੁਸ਼ਤ ਰੂਪ ਵਿੱਚ ਅਲਾਟਮੈਂਟ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਈ ਜਾਂਦੀ ਹੈ ਤਾਂ ਅਲਾਟੀ ਨੂੰ ਬਕਾਇਆ 75% ਰਕਮ ਉਪਰ 5% ਰੀਬੇਟ ਦਿੱਤਾ ਜਾਵੇਗਾ।

10) ਬਿਡ ਲਗਾਉਂਦੇ ਸਮੇਂ ਹਰੇਕ ਬੋਲੀਕਾਰ ਨੂੰ ਘੱਟ ਤੋਂ ਘੱਟ 10,000/— ਰੁਪਏ ਦਾ ਵਾਧਾ ਕਰਨਾ ਪਵੇਗਾ। ਜੇਕਰ ਬੋਲੀਕਾਰ ਵਲੋਂ 10,000/— ਰੁਪਏ ਤੋਂ ਘੱਟ ਬੋਲੀ ਦੀ ਰਕਮ ਵਿੱਚ ਵਾਧਾ ਕਰਦਾ ਹੈ ਤਾਂ ਪੋਰਟਲ ਉਸ ਬੋਲੀ ਨੂੰ ਸਵੀਕਾਰ ਨਹੀਂ ਕਰੇਗਾ ਅਤੇ ਜੇਕਰ ਪ੍ਰਾਪਰਟੀ ਦੀ ਰਿਜਰਵ ਕੀਮਤ 50 ਲੱਖ ਰੁਪਏ ਤੋਂ ਵੱਧ ਹੋਵੇ ਤਾਂ ਬੋਲੀ ਵਿੱਚ ਘੱਟੋ ਘੱਟ 25,000/— ਰੁਪਏ ਦਾ ਵਾਧਾ ਕਰਨਾ ਹੋਵੇਗਾ, ਇਸ ਤੋਂ ਘੱਟ ਬੋਲੀ ਪੋਰਟਲ ਵਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ 1 ਕਰੋੜ ਰੁਪਏ ਤੋਂ ਵੱਧ ਹੋਵੇ ਤਾਂ ਬੋਲੀ ਵਿੱਚ ਘੱਟੋ ਘੱਟ 50,000/— ਰੁਪਏ ਦਾ ਵਾਧਾ ਕਰਨਾ ਹੋਵੇਗਾ, ਇਸ ਤੋਂ ਘੱਟ ਬੋਲੀ ਪੋਰਟਲ ਵਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

11) ਕਾਰਨਰ ਜਾਇਦਾਦ ਲਈ ਸਫਲ ਬੋਲੀਕਾਰ ਨੂੰ ਬੋਲੀ ਦੀ ਕੀਮਤ ਦੀ 10 ਪ੍ਰਤੀਸ਼ਤ ਵਾਧੂ ਰਕਮ ਕਾਰਨਰ ਚਾਰਜ਼ਿਜ਼ ਵਜੋਂ ਅਦਾ ਕਰਨੀ ਪਵੇਗੀ।

12) ਬੋਲੀਕਾਰ ਨਿਲਾਮੀ ਤੋਂ ਪਹਿਲਾਂ ਨਿਲਾਮੀ ਵਿਚ ਵੇਚੀਆਂ ਜਾ ਰਹੀਆਂ ਜਾਇਦਾਦਾਂ ਦਾ ਸਬੰਧਿਤ ਸਕੀਮ ਵਿਚ ਜਾ ਕੇ ਮੌਕੇ ਤੇ ਖੁਦ ਨਿਰੀਖਣ/ ਮੁਆਇਨਾ ਕਰ ਸਕਦਾ ਹੈ ਅਤੇ ਅਗਰ ਬੋਲੀਕਾਰ ਚਾਹੇ ਤਾਂ ਇਨ੍ਹਾਂ ਜਾਇਦਾਦਾਂ ਦੇ ਨਕਸ਼ੇ ਜੋ ਬੋਲੀ ਦੀ ਪ੍ਰਕਿਰਿਆਂ ਸਮੇਂ ਨੋਟਿਸ ਬੋਰਡ ਤੇ ਲਗਾਏ ਹੋਣਗੇ ਨੂੰ ਵੀ ਵੇਖ ਸਕਦਾ ਹੈ। ਟਰੱਸਟ ਵਲੋਂ ਜਾਇਦਾਦਾਂ ਦੀ ਨਿਲਾਮੀ ਇਹ ਮੰਨ ਕੇ ਹੀ ਕਰਵਾਈ ਜਾਵੇਗੀ ਕਿ ਜਾਇਦਾਦ ਦੀ ਬੋਲੀ ਦੇਣ ਤੋਂ ਪਹਿਲਾਂ ਬੋਲੀਕਾਰ ਨੇ ਜਾਇਦਾਦ ਦਾ ਨਕਸ਼ਾ ਅਤੇ ਮੌਕਾ ਵੇਖਿਆ ਹੋਇਆ ਹੈ।

13) ਵੱਧ ਤੋਂ ਵੱਧ ਬੋਲੀ ਟਰੱਸਟ ਅਤੇ ਸਥਾਨਕ ਸਰਕਾਰ ਵਿਭਾਗ ਪੰਜਾਬ ਸਰਕਾਰ ਦੀ ਪ੍ਰਵਾਨਗੀ ਤੋਂ ਬਾਅਦ ਸਫਲ ਮੰਨੀ ਜਾਵੇਗੀ।

14) ਚੇਅਰਮੈਨ/ ਕਾਰਜ ਸਾਧਕ ਅਫਸਰ ਪਾਸ ਬਿਨ੍ਹਾਂ ਕੋਈ ਕਾਰਨ ਦੱਸੇ ਕੋਈ ਵੀ ਜਾਇਦਾਦ ਵਾਪਸ ਲੈਣ ਅਤੇ ਕਿਸੇ ਵੀ ਬੋਲੀ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਹੋਵੇਗਾ।

15) ਜੇਕਰ ਬੋਲੀਕਾਰ ਮਿੱਥੇ ਸਮੇਂ ਅੰਦਰ ਵਿਕਰੀ ਰਾਸ਼ੀ ਜਮ੍ਹਾਂ ਕਰਵਾਉਣ ਵਿੱਚ ਅਸਫਲ ਹੁੰਦਾ ਹੈ ਤਾਂ ਉਸ ਦੁਆਰਾ ਜਮ੍ਹਾਂ ਕਰਵਾਈ ਗਈ ਰਕਮ ਬਿਆਨਾ ਜਬਤ ਕਰ ਲਈ ਜਾਵੇਗੀ ਅਤੇ ਇਸ ਬਾਬਤ ਕੋਈ ਦਾਅਵਾ ਜਾਂ ਉਜਰ ਸਵੀਕਾਰ ਨਹੀਂ ਕੀਤਾ ਜਾਵੇਗਾ।

16) ਇਹ ਨਿਲਾਮੀ ਪੰਜਾਬ ਟਾਊਨ (ਯੂਟੇਲਾਈਜੇਸ਼ਨ ਆਫ ਲੈਂਡ ਐਂਡ ਅਲਾਟਮੈਂਟ ਆਫ ਪਲਾਟਸ) ਰੂਲਜ 1983, ਅਮੈਂਡਡ ਰੂਲਜ 2016 Punjab Management and Transfer of Municipal Properties Act, 2020 ਅਤੇ Punjab Management and Transfer of Municipal Properties Rules, 2021 ਸੋਧ ਮਿਤੀ 18-06-2025 ਦੇ ਤਹਿਤ ਅਤੇ ਸਮੇਂ–ਸਮੇਂ ਸਿਰ ਸਰਕਾਰ ਵਲੋਂ ਜਾਰੀ ਹੋਈਆਂ ਹੋਰ ਸੋਧਾਂ ਤਹਿਤ ਕੀਤੀ ਜਾਵੇਗੀ।

17) ਕਰਮਸ਼ੀਅਲ ਪ੍ਰਾਪਰਟੀ ਵਿੱਚ ਵਰਾਂਡਾ ਆਮ ਜਨਤਾ ਦੀ ਆਵਾਜਾਈ ਲਈ ਖੁੱਲਾ ਰੱਖਣਾ ਹੋਵੇਗਾ। ਇਸ ਵਿੱਚ ਕਿਸੇ ਕਿਸਮ ਦਾ ਨਾਜਾਇਜ ਕਬਜਾ/ ਉਸਾਰੀ (Encroachment) ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

18) ਟਰੱਸਟ ਜਾਇਦਾਦਾਂ ਵਿੱਚ ਬਿਲਡਿੰਗ ਕੰਟਰੋਲ ਸ਼ੀਟ ਤੋਂ ਉਲਟ ਜਾਕੇ ਕੀਤੀ ਗਈ ਉਸਾਰੀ ਕਿਸੇ ਵੀ ਕੀਮਤ ਤੇ ਮੰਨਜੂਰ ਨਹੀਂ ਕੀਤੀ ਜਾਵੇਗੀ।

19) ਇੱਕ ਜਾਇਦਾਦ ਦੀ ਬੋਲੀ ਕਰਵਾਉਣ ਲਈ ਘੱਟੋ ਘੱਟ ਤਿੰਨ ਬੋਲੀਕਾਰ ਹੋਣੇ ਜਰੂਰੀ ਹਨ।

20) ਜੇਕਰ ਨਿਲਾਮੀ ਤੋਂ ਪਹਿਲਾਂ ਸਰਕਾਰ ਦੀਆਂ ਹੋਰ ਕੋਈ ਨਵੀਂਆਂ ਹਦਾਇਤਾਂ ਜਾਂ ਸ਼ਰਤਾਂ ਜਾਂ ਕੋਈ ਹੋਰ ਸੋਧ ਪੱਤਰ (ਕੈਰੀਜੈਂਡਮ) ਜਾਰੀ ਕਰਨਾ ਹੋਇਆ ਤਾਂ www.tenderwizard.com/DLGP ਪੋਰਟਲ/ www. Improvementtrustbti.in ਤੇ ਹੀ ਅਪਲੋਡ ਕੀਤੀਆਂ ਜਾਣਗੀਆਂ।

21) ਜਾਇਦਾਦਾਂ ਦੀ ਉਸਾਰੀ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ ਤਿੰਨ ਸਾਲ ਦੇ ਅੰਦਰ–ਅੰਦਰ ਟਰੱਸਟ ਪਾਸੋਂ ਨਕਸ਼ਾ ਪਾਸ ਕਰਵਾ ਕੇ ਬਿਲਡਿੰਗ ਬਾਈ–ਲਾਅਜ ਅਨੁਸਾਰ ਉਸਾਰੀ ਕਰਨ ਲਈ ਖਰੀਦਦਾਰ ਪਾਬੰਦ ਹੋਵੇਗਾ ਅਤੇ ਬਿਜਲੀ, ਪਾਣੀ ਅਤੇ ਸੀਵਰੇਜ਼ ਕੁਨੈਕਸ਼ਨ ਲੈਂਦੇ ਹੋਏ ਪੂਰਤੀ ਨਕਸ਼ਾ ਪਾਸ ਕਰਵਾਉਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਰਕਾਰ ਵਲੋਂ ਸਮੇਂ–ਸਮੇਂ ਸਿਰ ਜਾਰੀ ਹਦਾਇਤਾਂ/ ਨਿਯਮਾਂ ਮੁਤਾਬਿਕ ਬਣਦੀ ਨਾ–ਉਸਾਰੀ ਫੀਸ ਜਮ੍ਹਾਂ ਕਰਵਾ ਕੇ ਵੱਧ ਤੋਂ ਵੱਧ 12 ਸਾਲ ਤੱਕ ਦਾ ਹੋਰ ਉਸਾਰੀ ਸਮਾਂ ਨਿਯਮਾਂ ਮੁਤਾਬਿਕ ਦਿੱਤਾ ਜਾ ਸਕਦਾ ਹੈ। ਅਗਰ ਫਿਰ ਵੀ ਇਮਾਰਤ ਤਾਮੀਰ ਨਹੀਂ ਕੀਤੀ ਜਾਂਦੀ ਹੈ ਤਾਂ ਨਿਯਮਾਂ/ ਹਦਾਇਤਾਂ ਅਨੁਸਾਰ ਅਲਾਟਮੈਂਟ ਜਬਤ ਕਰਨ ਉਪਰੰਤ ਜਮ੍ਹਾਂ ਕਰਵਾਈ ਰਕਮ ਟਰੱਸਟ ਦੇ ਹੱਕ ਵਿਚ ਜਬਤ ਕਰ ਲਈ ਜਾਵੇਗੀ।

22) ਵੇਚਣਯੋਗ ਯੂਨਿਟਾਂ ਦੇ ਰਕਬੇ/ ਸਾਈਜ ਸਬੰਧੀ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਨਗਰ ਸੁਧਾਰ ਟਰੱਸਟ, ਬਠਿੰਡਾ ਦੇ ਦਫਤਰ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

23) ਜੇਕਰ ਮੌਕੇ ਤੇ ਖਾਲੀ ਸਾਈਟ ਜਾਂ ਰਕਬਾ ਮਿਣਤੀ ਕਰਨ ਸਮੇਂ ਘੱਟ ਵੱਧ ਹੁੰਦਾ ਹੈ ਤਾਂ ਅਲਾਟੀ ਰੂਲਾਂ ਅਨੁਸਾਰ ਉਹ ਲੈਣ ਦਾ ਪਾਬੰਧ ਹੋਵੇਗਾ ਅਤੇ ਵਧੇ/ਘਟੇ ਰਕਬੇ ਅਨੁਸਾਰ ਬਣਦੀ ਕੀਮਤ ਟਰੱਸਟ ਫੰਡ ਵਿੱਚ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਜਾਇਦਾਦਾਂ ਦੀ ਨਿਲਾਮੀ *ਜਿਵੇਂ ਹੈ ਜਿੱਥੇ ਹੈ* ਦੇ ਆਧਾਰ ਤੇ ਕੀਤੀ ਜਾਵੇਗੀ।

24) ਨਿਲਾਮੀ ਵਿਚ ਸਫਲ ਬੋਲੀਕਾਰ ਨੂੰ ਜਾਇਦਾਦ ਦੇ ਅਲਾਟਮੈਂਟ ਪੱਤਰ, ਬੋਲੀ ਦੀ ਟਰੱਸਟ ਵਲੋਂ ਪੁਸ਼ਟੀ ਕਰਨ ਅਤੇ ਸਰਕਾਰ ਦੀ ਪ੍ਰਵਾਨਗੀ ਹੋਣ ਉਪਰੰਤ ਹੀ ਜਾਰੀ ਕੀਤੇ ਜਾਣਗੇ।

25) ਅਲਾਟਮੈਂਟ ਪੱਤਰ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ—ਅੰਦਰ ਕਬਜਾ ਪ੍ਰਾਪਤ ਕਰਨਾ ਹੋਵੇਗਾ ਅਤੇ ਟਰੱਸਟ ਨਾਲ 4,000/- ਰੁਪਏ ਦੇ ਅਸ਼ਟਾਮ ਪੇਪਰ ਅਤੇ ਪ੍ਰੋਸੈਸਿੰਗ ਫੀਸ ਜਮ੍ਹਾਂ ਕਰਵਾਉਂਦੇ ਹੋਏ ਵਿਕਰੀ ਇਕਰਾਰਨਾਮਾ ਕਰਨਾ ਹੋਵੇਗਾ। ਅਲਾਟੀ/ ਖਰੀਦਦਾਰ ਵਲੋਂ ਸਮੇਂ ਸਿਰ ਐਗਰੀਮੈਂਟ ਨਾ ਕਰਨ ਦੀ ਸੂਰਤ ਵਿੱਚ ਸਰਕਾਰ ਦੇ ਨਿਯਮਾਂ/ਹਦਾਇਤਾਂ ਅਨੁਸਾਰ ਪੈਨਲਟੀ ਚਾਰਜ ਕੀਤੀ ਜਾਵੇਗੀ। ਇਸ ਸਬੰਧੀ ਕੋਈ ਵੱਖਰਾ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ। ਜੇਕਰ ਅਲਾਟੀ ਕਬਜਾ ਲਿਖਤੀ ਰੂਪ ਵਿਚ ਪ੍ਰਾਪਤ ਨਹੀਂ ਕਰਦਾ ਤਾਂ ਅਲਾਟੀ ਨੂੰ ਕਬਜਾ ਦਿੱਤਾ ਗਿਆ ਹੀ ਮੰਨਿਆ ਜਾਵੇਗਾ।

26) ਵਿਕਰੀ ਇਕਰਾਰਨਾਮੇ ਦੀ ਪ੍ਰੋਸੈਸਿੰਗ ਫੀਸ ਰਿਹਾਇਸ਼ੀ ਜਾਇਦਾਦਾਂ ਲਈ 5,000/- ਰੁਪਏ ਅਤੇ ਵਪਾਰਕ ਜਾਇਦਾਦਾਂ ਲਈ 10,000/- ਵਸੂਲ ਕੀਤੀ ਜਾਵੇਗੀ।

27) ਵੇਚੀਆਂ ਗਈਆਂ ਜਾਇਦਾਦਾਂ ਬਾਬਤ ਜੇਕਰ ਕਿਸੇ ਅਲਾਟੀ ਨੂੰ ਇਤਰਾਜਹੀਣਤਾ ਸਰਟੀਫਿਕੇਟ/ਨੋ-ਡਿਊ ਸਰਟੀਫਿਕੇਟ ਆਦਿ ਦੀ ਜਰੂਰਤ ਪੈਂਦੀ ਹੈ ਤਾਂ ਇਹ ਸਰਟੀਫਿਕੇਟ ਲਈ ਕਮਰਸ਼ੀਅਲ ਪ੍ਰਾਪਰਟੀ ਲਈ 10000/- ਅਤੇ ਰਿਹਾਇਸ਼ੀ ਪ੍ਰਾਪਰਟੀ ਲਈ 5000/- ਫੀਸ ਪ੍ਰਤੀ ਸਰਟੀਫਿਕੇਟ ਜਮ੍ਹਾਂ ਕਰਵਾਉਣੀ ਹੋਵੇਗੀ।

28) ਇਨ੍ਹਾਂ ਥਾਵਾਂ ਦੀ ਵਿਕਰੀ ਪੰਜਾਬ ਟਾਊਨ ਇੰਪਰੂਵਮੈਂਟ (ਯੂਟੇਲਾਈਜੇਸ਼ਨ ਆਫ ਲੈਂਡ ਐਂਡ ਅਲਾਟਮੈਂਟ ਆਫ ਪਲਾਟਸ) ਰੂਲਜ਼ 1983, Punjab Management and Transfer of Municipal Properties Act, 2020 ਅਤੇ Punjab Management and Transfer of Municipal Properties Rules, 2021 ਤਹਿਤ ਅਤੇ ਸਮੇਂ—ਸਮੇਂ ਸੋਧੇ ਗਏ ਰੂਲਜ਼/ ਹਦਾਇਤਾਂ ਮੁਤਾਬਿਕ "ਜਿਵੇਂ ਹੈ ਜਿੱਥੇ ਹੈ" ਦੇ ਅਧਾਰ ਤੇ ਹੋਵੇਗੀ।

29) ਨਿਲਾਮੀ ਸਬੰਧੀ ਸ਼ਰਤਾਂ www.tenderwizard.com/DLGP ਅਤੇ ਟਰੱਸਟ ਦੀ ਵੈਬ-ਸਾਈਟ www. Improvementtrustbti.in ਤੇ ਉਪਲਬਧ ਹਨ। ਬੋਲੀਕਾਰ ਸਾਰੀਆਂ ਸ਼ਰਤਾਂ ਧਿਆਨ ਨਾਲ ਪੜ ਕੇ ਆਪਣੀ ਜਿੰਮੇਵਾਰੀ ਤੇ ਨਿਲਾਮੀ ਵਿਚ ਭਾਗ ਲਵੇਗਾ। ਬਾਅਦ ਵਿਚ ਬੋਲੀਕਾਰ ਦਾ ਕੋਈ ਵੀ ਦਾਅਵਾ ਅਤੇ ਉਜਰ ਨਹੀਂ ਸੁਣਿਆ ਜਾਵੇਗਾ।

30) ਜੇ ਕਰ ਉਪਰੋਕਤ ਬੋਲੀ ਸਬੰਧੀ ਕਿਸੇ ਵੀ ਕਿਸਮ ਦੀ ਸੋਧ/ਕੋਰੀਜੰਡਮ ਹੋਂਦਾ ਹੈ ਤਾਂ ਉਹ ਟਰੱਸਟ ਦੀ ਸਾਈਟ www. Improvementtrustbti.in ਤੇ ਅਪਲੋਡ ਕੀਤਾ ਜਾਵੇਗਾ। ਇਸ ਲਈ ਸੰਭਾਵਿਤ ਬੋਲੀਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ www.tenderwizard.com/DLGP ਪੋਰਟਲ ਅਤੇ ਟਰੱਸਟ ਦੀ ਆਫਿਸ਼ੀਅਲ ਸਾਈਟ www.Improvementtrustbti.in ਨੂੰ ਲਗਾਤਾਰ ਚੈੱਕ ਕਰਦੇ ਰਹਿਣ ਤਾਂ ਜੋ ਕੋਈ ਸੋਧ ਜਾਂ Updating ਨੂੰ ਚੈੱਕ ਕੀਤਾ ਜਾ ਸਕੇ।

31) ਸਫਲ ਬੋਲੀਕਾਰ ਨੂੰ ਈ—ਆਕਸ਼ਨ ਪੋਰਟਲ/ਸਾਈਟ ਦੀ ਬਣਦੀ ਫੀਸ (usage charges) ਖੁਦ ਜਮ੍ਹਾਂ ਕਰਵਾਉਣੀ ਪਵੇਗੀ।

32) ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਲਾਟੀ/ਖ੍ਰੀਦਦਾਰ ਤੇ ਲਾਗੂ ਹੋਣਗੀਆਂ।

----ਸਹੀ/----	----ਸਹੀ/----
ਚੇਅਰਮੈਨ	ਕਾਰਜ ਸਾਧਕ ਅਫਸਰ
ਨਗਰ ਸੁਧਾਰ ਟਰੱਸਟ	ਨਗਰ ਸੁਧਾਰ ਟਰੱਸਟ
ਬਠਿੰਡਾ	ਬਠਿੰਡਾ